International Journal of Engineering, Management and Humanities (IJEMH)
Volume 2, Issue 4, pp: 475-477 www.ijemh.com

# ਗੁਰੂ ਨਾਨਕ ਬਾਣੀ ਵਿੱਚ ਪਤੀ ਪਤਨੀ ਦਾ ਮੈਟਾਫਰ

ਅਮਨਪ੍ਰੀਤ ਕੌਰ ਢੀਂਡਸਾ
ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ
ਪਟੇਲ ਮੈਮੋਰੀਅਲ ਨੈਸ਼ਨਲ ਕਾਲਜ, ਰਾਜਪੁਰਾ।

Date of Submission: 01-08-2021 Date of Acceptance: 14-08-2021

ਗੁਰੂ ਨਾਨਕ ਬਾਣੀ ਮਨੁੱਖੀ ਜੀਵਨ ਜਾਚ ਦਾ ਮੁਜੱਸਮਾ ਹੈ। ਪਰਮਾਤਮ ਨੂੰ ਪਾਉਣ ਲਈ ਆਤਮ ਨੂੰ ਸੰਵਾਰਨ ਦੀ ਰੂਪ-ਰੇਖਾ ਹੈ।'ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥ ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨ॥(ਅੰਗ 1032)' ਤੁਕ ਅਨੁਸਾਰ ਪ੍ਰੇਮ ਨੂੰ ਪਰਮਾਤਮ ਤੱਕ ਪਹੁੰਚਣ ਦਾ ਜ਼ਰੀਆ ਪ੍ਰਵਾਨ ਕੀਤਾ ਗਿਆ ਹੈ।ਮਨੁੱਖ ਨੇ ਸਮਾਜ ਵਿੱਚ ਰਹਿੰਦਿਆਂ ਭਾਵੇਂ ਆਪਣੇ ਕਾਰ-ਵਿਹਾਰ ਵੀ ਕਰਨੇ ਹਨ ਤੇ ਭਾਵੇਂ ਰੱਬੀ ਰਾਹ 'ਤੇ ਤੁਰਨਾ ਹੈ ; ਰੱਬ ਨੂੰ ਪਾਉਣਾ ਉਸਦਾ ਅਸਲ ਮਨੋਰਥ ਦੱਸਿਆ ਗਿਆ ਹੈ।ਇਸ ਮਨੋਰਥ ਦੀ ਸਿੱਧੀ ਲਈ ਸਮਾਜ ਨੂੰ ਛੱਡਣਾ ਨਹੀਂ , ਸਮਾਜ ਵਿੱਚ ਰਹਿਣਾ ਹੈ। ਇਸੇ ਸਮਾਜਿਕ ਦਾਇਰੇ ਵਿੱਚ ਰਹਿੰਦਿਆਂ ਪ੍ਰੇਮ ਦਾ ਸਰੂਪ ਪਤੀ-ਪਤਨੀ ਵਾਲਾ ਪ੍ਰਵਾਨ ਕੀਤਾ ਹੈ,ਨਾ ਕਿ ਪ੍ਰੇਮੀ ਪ੍ਰੇਮਿਕਾ ਵਾਲਾ। ਸੂਫ਼ੀਆਂ ਨੇ ਵੀ ਇਸ਼ਕ ਨੂੰ ਖ਼ੁਦਾ ਨੂੰ ਪਾਉਣ ਦਾ ਕਾਰਗਰ ਸਾਧਨ ਮੰਨਿਆ , ਪਰ ਮੈਟਾਫਰ ਪ੍ਰੇਮੀ-ਪ੍ਰੇਮਿਕਾ ਵਾਲਾ ਲਿਆ। " ਗੁਰੂ ਜੀ ਨੇ ਸੂਫ਼ੀਆਂ ਵਰਗਾ ਇਸ਼ਕ ਨਾ ਕਰਕੇ ਮਰਿਆਦਾ ਪੂਰਨ ਭਾਰਤੀ ਪ੍ਰੇਮ ਸੰਬੰਧ ਨੂੰ ਉਜਾਗਰ ਕੀਤਾ ਹੈ । ਉਨ੍ਹਾਂ ਨੇ ਪ੍ਰੇਮ ਨੂੰ ਕੰਵਾਰੀ ਸੀਮਾ ਤੋਂ ਉੱਚਾ ਉਠਾ ਕੇ ਵਿਆਹ ਦੇ ਬੰਧਨ ਵਿੱਚ ਬੰਦਿਆ ਹੈ । ਫਲਸਰੂਪ ਇਹ ਪ੍ਰੇਮ ਆਸ਼ਕ ਮਾਸ਼ੂਕ ਵਾਲਾ ਪ੍ਰੇਮ ਨਾ ਰਹਿ ਕੇ ਦੰਪਤਿਕ ਪ੍ਰੇਮ ਦੇ ਉਦਾਤ ਰੂਪ ਵਿੱਚ ਪ੍ਰਗਟ ਹੋਇਆ ਹੈ । ਇਸ ਵਿੱਚ ਨਾ ਵਾਸ਼ਨਾ ਦੀ ਦੁਰਗੰਧ ਹੈ , ਨਾ ਹੀ ਕਿਸੇ ਪ੍ਰਕਾਰ ਦੀ ਅਸ਼ਲੀਲਤਾ ਹੈ , ਹਰ ਪਾਸੇ ਧਰਮ ਮੂਲਕ ਪਵਿੱਤਰਤਾ ਮੌਜੂਦ ਹੈ , ਸ਼ੁਭ ਅਤੇ ਸਾਤਵਿਕ ਵਾਤਾਵਰਣ ਸਿਰਜਿਆ ਹੋਇਆ ਹੈ ।" [1]

ਨਾਨਕ ਦਾ ਮੈਟਾਫਰ ਪਤੀ-ਪਤਨੀ ਵਾਲਾ ਹੈ, ਤਾਂ ਕਿ ਸਮਾਜਿਕਤਾ ਵੀ ਭੰਗ ਨਾ ਹੋਵੇ ਤੇ ਮਨੁੱਖ ਦਾ ਧਿਆਨ ਪਰਮਾਤਮਾ ਵੱਲ ਇਕਾਗਰ ਹੋ ਸਕੇ।ਇਸੇ ਸੰਦਰਭ ਵਿੱਚ ਡਾ.ਚਰਨਜੀਤ ਕੌਰ ਦੀਆਂ ਵੀ ਸਤਰਾਂ ਹਨ,"ਨਾਰੀਵਾਦੀ ਦ੍ਰਿਸ਼ਟੀਕੋਣ ਤੋਂ ਇੱਕ ਪੱਖੋਂ ਗੁਰੂ ਨਾਨਕ ਬਾਣੀ ਹੋਰ ਵੀ ਮਹੱਤਵਪੂਰਨ ਹੈ ਕਿ ਇਹ ਆਤਮਾ ਪਰਮਾਤਮਾ ਦੇ ਲਈ ਪਤੀ-ਪਤਨੀ ਦਾ ਰੂਪਕ ਚੁਣਦੀ ਹੈ।ਇਹ ਆਸ਼ਕ ਮਾਸ਼ੂਕ ਦਾ ਸਮਾਜਿਕ ਦਾਇਰੇ ਤੋਂ ਬਾਹਰਾ ਰੂਪਕ ਨਹੀਂ ਚੁਣਦੀ ਸਗੋਂ ਸਮਾਜਿਕ ਦਾਇਰੇ ਦੇ ਅੰਦਰ ਦਾ ਰੂਪਕ ਚੁਣਦੀ ਹੈ।ਇਉਂ ਇਹ ਪਤੀ-ਪਤਨੀ ਦੇ ਦੁਨਿਆਵੀ ਰਿਸ਼ਤੇ ਨੂੰ ਆਤਮਾ-ਪਰਮਾਤਮਾ ਦੇ ਅਲੌਕਿਕ ਰਿਸ਼ਤੇ ਨੂੰ ਪ੍ਰਗਟਾਉਣ ਹਿਤ ਵਰਤ ਕੇ ਇਸ ਰਿਸ਼ਤੇ ਨੂੰ ਵੀ ਉੱਚਤਾ ਬਖ਼ਸ਼ ਦਿੰਦੀ ਹੈ।"[2]

ਪਤੀ ਦਾ ਮੈਟਾਫਰ ਪਰਮਾਤਮਾ ਲਈ ਤੇ ਪਤਨੀ ਦਾ ਜੀਵਆਤਮਾ ਲਈ ਆਇਆ ਹੈ।ਪ੍ਰਭੂ-ਪਤੀ ਤੇ ਜੀਵਆਤਮਾ ਦੇ ਇਸ ਰਿਸ਼ਤੇ ਦਾ ਬਿਆਨ ਪਤੀ-ਪਤਨੀ ਦੇ ਦੁਨਿਆਵੀ ਰਿਸ਼ਤੇ ਦੁਆਰਾ ਹੀ ਕੀਤਾ ਗਿਆ ਹੈ।ਜਿਵੇਂ ਪਤਨੀ ਆਪਣੇ ਪਤੀ ਨਾਲ ਪ੍ਰੇਮ ਕਰਦੀ ਹੈ,ਤਿਵੇਂ ਗੁਰੂ ਦੇ ਸ਼ਬਦ ਵਿੱਚ ਜੀਵ-ਇਸਤਰੀ ਚਿੱਤ ਲਗਾਉਂਦੀ ਅਨੰਦਿਤ ਹੁੰਦੀ ਤੇ ਤ੍ਰਿਸ਼ਨਾ ਦੂਰ ਕਰ ਲੈਂਦੀ ਹੈ:

ਪਿਰ ਸੇਤੀ ਧਨ ਪ੍ਰੇਮੁ ਰਚਾਏ॥ਗੁਰ ਕੈ ਸਬਦਿ ਤਥਾ ਚਿਤੁ ਲਾਏ॥
ਸਹਜ ਸੇਤੀ ਧਨ ਖਰੀ ਸੁਹੇਲੀ ਤ੍ਰਿਸਨਾ ਤਿਖਾ ਨਿਵਾਰੀ ਜੀਉ॥
(ਅੰਗ 993)

ਪਤੀ-ਪਤਨੀ ਦੇ ਰਿਸ਼ਤੇ ਤੋਂ ਬਾਹਰ ਗ਼ੈਰ ਸੰਬੰਧਾਂ ਨੂੰ ਅਸਵੀਕਾਰ ਕੀਤਾ ਗਿਆ ਹੈ।ਸਮਾਜ ਵਿੱਚ ਵੀ ਇਨ੍ਹਾਂ ਨੂੰ ਨਾਜਾਇਜ਼ ਕਰਾਰ ਦਿੱਤਾ ਗਿਆ ਹੈ।ਗੁਰੂ ਨਾਨਕ ਬਾਣੀ ਵਿੱਚ ਜੇ ਪਤਨੀ ਨੂੰ ਆਪਣੇ ਪਤੀ ਪ੍ਰਤਿ ਵਫ਼ਾਦਾਰੀ ਦਾ ਸੰਦੇਸ਼ ਹੈ,ਤਾਂ ਪਤੀ ਨੂੰ ਵੀ ਦੂਸਰੀਆਂ ਇਸਤਰੀਆਂ ਤੋਂ ਦੂਰੀ ਬਣਾ ਕੇ ਆਪਣੀ ਪਤਨੀ ਵਾਲੇ ਰਿਸ਼ਤੇ ਨੂੰ ਈਮਾਨਦਾਰੀ ਨਾਲ ਨਿਭਾਉਣ ਦੀ ਸੂਚਕ ਹੈ।ਜੋ ਪਰਾਈਆਂ ਇਸਤਰੀਆਂ ਪ੍ਰਤਿ ਧਿਆਨ ਰੱਖਦੇ ਹਨ;ਉਨ੍ਹਾਂ ਨੂੰ ਹੋਣ ਵਾਲੇ ਨੁਕਸਾਨ ਪ੍ਰਤਿ ਸੁਚੇਤ ਵੀ ਕੀਤਾ ਹੈ।ਇਹ ਨੁਕਸਾਨ ਇੱਜਤ,ਪੈਸਾ,ਜਾਨ ਦਾ ਵੀ ਹੋ ਸਕਦਾ ਹੈ:

(ੳ) ਹਾਟੀ ਬਾਟੀ ਨੀਂਦ ਨ ਆਵੈ ਪਰ ਘਰਿ ਚਿਤੁ ਨ ਡੋਲਾਈ॥ (ਅੰਗ 939)

(ਅ) ਪਰ ਘਰ ਜੋਹੈ ਹਾਣੇ ਹਾਣਿ॥(ਅੰਗ 941)

ਪਤੀ-ਪਤਨੀ ਦੇ ਮੈਟਾਫਰ ਨਾਲ ਪੇਕੇ ਤੇ ਸਹੁਰੇ ਘਰ ਦਾ ਮੈਟਾਫਰ ਵੀ ਜੁੜਿਆ ਹੈ।ਜੇ ਇਸਤਰੀ ਵਿੱਚ ਗੁਣ ਹੋਣਗੇ ਤਾਂ ਉਹ ਸਹੁਰੇ ਘਰ ਪ੍ਰਵਾਨ ਹੈ ਤੇ ਗੁਣਹੀਨ ਇਸਤਰੀ ਨੂੰ ਸਹੁਰੇ ਘਰ ਵਿੱਚ ਵੀ ਪ੍ਰਵਾਨ ਨਹੀਂ ਕੀਤਾ ਜਾਂਦਾ ।ਇਸੇ ਤਰ੍ਹਾਂ ਜੀਵਆਤਮਾ ਵੀ ਸਹੁਰੇ ਘਰ ਭਾਵ ਪਰਲੋਕ ਵਿੱਚ ਤਾਂ ਹੀ ਪ੍ਰਵਾਨ ਹੈ,ਜੇ ਉਸਨੇ ਪੇਕੇ ਘਰ ਭਾਵ ਇਸ ਲੋਕ ਵਿੱਚ ਨਾਮ ਰੂਪੀ ਗੁਣਾਂ ਦਾ ਖ਼ਜ਼ਾਨਾ ਇਕੱਠਾ ਕੀਤਾ ਹੋਵੇ :

ਪੇਈਅੜੈ ਪਿਰੁ ਸੰਮਲਾ ਸਾਹੁਰੜੈ ਘਰਿ ਵਾਸੁ॥
ਸੁਖਿ ਸੁਵੰਧਿ ਸੋਹਾਗਣੀ ਪਿਰੁ ਪਾਇਆ ਗੁਣਤਾਸੁ॥ (ਅੰਗ 1014)

ਪਤੀ ਪਤਨੀ ਦੇ ਇਸ ਰਿਸ਼ਤੇ ਦਾ ਬਾਇਨਰੀ ਜੁੱਟ 'ਸੁਹਾਗਣ-ਦੁਹਾਗਣ ' ਦੀ ਮੌਜੂਦਗੀ ਇਸ ਮੈਟਾਫਰ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਉਂਦੀ ਹੈ।ਸੁਹਾਗਣ ਉਹ ,ਜਿਸਦਾ ਪਤੀ ਉਸ ਨਾਲ ਹੈ ਤੇ ਦੁਹਾਗਣ ਉਹ , ਜਿਸਦੇ ਪਤੀ ਨੇ ਉਸਨੂੰ ਛੱਡ ਦਿੱਤਾ ਹੋਵੇ।ਪਤੀ ਨੇ ਕਿਉਂ ਛੱਡਿਆ? ਕਿਉਂਕਿ ਉਸਦੀ ਉਸ ਨਾਲ ਵਿਚਾਰਕ ਸਾਂਝ ਕਾਇਮ ਨਹੀਂ ਹੋ ਸਕੀ , ਜਿਸ ਕਾਰਨ ਦੋਹਾਂ ਦਾ ਮੇਲ ਸੰਭਵ ਨਾ ਹੋਇਆ।ਪਰ ਜਿਸ ਇਸਤਰੀ ਨੇ ਪਤੀ ਨੂੰ ਰਿਝਾ ਲਿਆ ਤੇ ਉਸ ਨਾਲ ਇਕਮਿਕ ਹੋ ਗਈ,ਉਹ ਸੁਹਾਗਣ ਹੈ। ਹੁਣ ਪਤਨੀ ਦੇ ਇਸ ਬਾਇਨਰੀ ਜੁੱਟ ਵਿੱਚੋਂ ਵੀ ਗੁਰੂ ਨਾਨਕ ਬਾਣੀ ਸੁਹਾਗਣ ਦੇ ਸਰੂਪ ਨੂੰ ਪ੍ਰਵਾਨ ਕਰਦੀ ਹੈ। " ਗੁਰੂ ਨਾਨਕ ਨੇ ਇਸ ਸ਼ਬਦ ਦੀ ਵਰਤੋਂ ਉਸ ਮਨੁੱਖ ਰੂਪੀ ਇਸਤਰੀ ਲਈ ਕੀਤੀ ਹੈ , ਜੋ ਪਰਮਾਤਮਾ ਰੂਪੀ ਪਤੀ ਨਾਲ ਪ੍ਰੇਮ ਕਰਦੀ ਹੈ , ਜਿਸ ਨੂੰ ਪਰਮਾਤਮਾ ਕਿਰਪਾ ਕਰਕੇ ਆਪਣੇ ਨਾਲ ਮਿਲਾ ਲੈਂਦਾ ਹੈ ਅਤੇ ਉਸ ਤੋਂ ਆਪਣਾ ਹੁਕਮ ਮੰਨਵਾਂਦਾ ਹੋਇਆ ਉਸ ਦੇ ਹਿਰਦੇ ਵਿੱਚ ਸ਼ਬਦ ਨੂੰ ਵਸਾਉਂਦਾ ਹੈ ।"[3] ਜੀਵਆਤਮਾ ਵੀ ਸੁਹਾਗਣ ਵਾਂਗ ਹੀ ਪਰਮਾਤਮਾ ਨਾਲ ਨੇੜਤਾ ਸਥਾਪਿਤ ਕਰਕੇ ਉਸ ਨੂੰ ਪਾ ਸਕਦੀ ਹੈ ਤੇ ਫਿਰ ਉਸ ਤੋਂ ਕਦੇ ਵੀ ਵਿਛੜਦੀ ਨਹੀਂ:

ਤਉ ਭਾਵਨਿ ਤਉ ਜੇਹੀਆ ਮੂ ਜੇਹੀਆ ਕਿਤੀਆਹ॥
ਨਾਨਕ ਨਾਹੁ ਨ ਵੀਛੁੜੈ ਤਿਨ ਸਚੈ ਰਤੜੀਆਹ॥ (ਅੰਗ 1015)

ਸੁਹਾਗਣ ਅਨੰਦ ਵਿੱਚ ਰਹਿੰਦੀ ਹੈ,ਪਰ ਦੁਹਾਗਣ ਝੂਰਦੀ ਰਹਿੰਦੀ ਹੈ। ਨਾਨਕ ਬਾਣੀ ਵਿੱਚ ਦੁਹਾਗਣ ਉਹ ਹੈ , " ਜੋ ਇਸਤਰੀ (ਮਨੁੱਖ) ਸੰਸਾਰਿਕ ਪਰਪੰਚ ਵਿੱਚ ਲੀਨ ਹੋ ਕੇ ਪਤੀ-ਪਰਮਾਤਮਾ ਤੋਂ ਵੱਖ ਹੋ ਗਈ ਹੈ ਜਾਂ ਉਸਨੂੰ ਭੁਲਾ ਬੈਠੀ ਹੈ , ਉਹ ਦੋਹਾਗਣ ਮੰਦੇ ਭਾਗਾਂ ਵਾਲੀ ਹੈ । "[4] ਸੁਹਾਗਣ-ਦੁਹਾਗਣ ਦੀ ਅਜਿਹੀ ਸਥਿਤੀ ਨੂੰ ਸਪੱਸ਼ਟ ਕਰਕੇ ਸੁਹਾਗਣ ਦੀ ਪ੍ਰਵਾਨਗੀ ਦਾ ਕਾਰਨ ਵੀ ਦ੍ਰਿੜ ਕਰਵਾ ਦਿੱਤਾ ਗਿਆ ਹੈ:

ਸੁਖਿ ਸਵੰਧਿ ਸੋਹਾਗਣੀ ਪਿਰੁ ਪਾਇਆ ਗੁਣਤਾਸੁ॥
ਲੇਫੁ ਨਿਹਾਲੀ ਪਟ ਕੀ ਕਾਪੜੁ ਅੰਗਿ ਬਣਾਇ॥
ਪਿਰੁ ਮੁਤੀ ਡੋਹਾਗਣੀ ਤਿਨ ਡੁਖੀ ਰੈਣਿ ਵਿਹਾਇ॥ (ਅੰਗ 1014-1015)

ਪਤਨੀ ਰੂਪ ਵਿੱਚ ਇਸਤਰੀ ਦਾ ਉਹ ਸਮਾਜਿਕ ਸਰੂਪ ਵੀ ਪੇਸ਼ ਹੋਇਆ ਹੈ, ਜੋ ਆਪਣੇ ਪਤੀ ਤੋਂ ਬਿਨਾਂ ਪਰਾਏ ਪਤੀਆਂ ਨਾਲ ਸੰਯੋਗ ਮਾਣਦੀਆਂ ਹਨ,ਜਿਸਨੂੰ ਸਮਾਜ ਨਾਜਾਇਜ਼ ਰਿਸ਼ਤਿਆਂ ਦਾ ਨਾਂ ਦੇ ਕੇ ਅਪ੍ਰਵਾਨ ਕਰਦਾ ਹੈ।ਗੁਰੂ ਨਾਨਕ ਬਾਣੀ ਵੀ ਪਤਨੀ ਦੇ ਇਸ ਰੂਪ ਨੂੰ ਨਕਾਰਦੀ ਉਸਦੇ ਹਾਰ-ਸ਼ਿੰਗਾਰ , ਕੰਮਾਂ-ਕਾਰਾਂ ਨੂੰ ਵਿਅਰਥ ਆਖਦੀ ਹੈ:

ਪਿਰ ਬਿਨੁ ਕਿਆ ਤਿਸੁ ਧਨ ਸੀਗਾਰਾ॥
ਪਰ ਪਿਰ ਰਾਤੀ ਖਸਮੁ ਵਿਸਾਰਾ॥ (ਅੰਗ 1029)

ਨਾਨਕ ਬਾਣੀ ਵਿੱਚ ਇਸ ਰਿਸ਼ਤੇ ਨੂੰ ਸਿਰਫ਼ ਰੂਪਕ ਵਜੋਂ ਹੀ ਵਰਤਿਆ ਨਹੀਂ ਗਿਆ,ਸਗੋਂ ਇਸਦੀ ਮਾਨਤਾ ਇੰਨੀ ਹੈ ਕਿ ਰੱਬ ਨੂੰ ਪਾਉਣ ਲਈ ਇਸ ਰਿਸ਼ਤੇ ਦੀ ਉਦਾਹਰਨ ਦਿੱਤੀ ਗਈ ਹੈ।ਰੱਬ ਨੂੰ ਉਸੇ ਤਰ੍ਹਾਂ ਹੀ ਪਾਇਆ ਜਾ ਸਕਦਾ ਹੈ; ਜਿਵੇਂ ਇੱਕ ਸੁਹਾਗਣ ਆਪਣੇ ਪਤੀ ਨੂੰ ਰਿਝਾ ਲੈਂਦੀ ਹੈ।ਇਸ ਲਈ ਜੇ ਰੱਬ ਨੂੰ ਪਾਉਣਾ ਹੈ ; ਤਾਂ ਇਸਦਾ ਤਰੀਕਾ ਗੁਰੂ ਨਾਨਕ ਸਾਹਿਬ ਸੁਹਾਗਣਾਂ ਤੋਂ ਪੁੱਛਣ ਲਈ ਆਖਦੇ ਹਨ:

ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ॥
ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ॥
ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ॥
ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ॥
ਏਵ ਕਰਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ॥ (ਅੰਗ 722)

ਵਿਚਾਰਧੀਨ ਮੈਟਾਫਰ ਪਹਿਲੀ ਨਜ਼ਰੇ ਪਤੀ ਨੂੰ ਸਾਰੇ ਅਧਿਕਾਰ ਦੇ ਕੇ ਪਤਨੀ ਨੂੰ ਡੋਮੀਨੈਂਟ ਕਰਦਾ ਜਾਪਦਾ ਹੈ;ਕਿਉਂਕਿ ਪਤੀ ਨੂੰ ਖ਼ੁਸ਼ ਕਰਨ ਦੀ ਸਾਰੀ ਜ਼ਿੰਮੇਵਾਰੀ ਪਤਨੀ ਸਿਰ ਹੈ।ਪਤੀ ਜੋ ਚਾਹੇ ਕਰੇ,ਇਸਤਰੀ ਨੇ ਉਸੇ ਵਿੱਚ ਖ਼ੁਸ਼ ਰਹਿਣਾ ਹੈ।ਡੂੰਘੀ ਨਜ਼ਰ ਨਾਲ ਵਾਚਿਆ ਇਸ ਰਿਸ਼ਤੇ ਨੂੰ ਨਿਭਾਉਣ ਲਈ ਦੋਹਾਂ ਦੀ ਵਫ਼ਾਦਾਰੀ ਵੱਲ ਸੰਕੇਤ ਹੈ।ਜੇ ਇਸਤਰੀ ਰੂਪੀ ਪਤਨੀ ਨੇ ਆਪਣੇ ਪਤੀ ਨੂੰ ਹੀ ਤਨ-ਮਨ ਭੇਟ ਕਰਨਾ ਹੈ;ਤਾਂ ਪਤੀ ਨੂੰ ਵੀ ਆਪਣੀ

International Journal of Engineering, Management and Humanities (IJEMH)
Volume 2, Issue 4, pp: 475-477 www.ijemh.com

ਪਤਨੀ ਤੋਂ ਬਿਨ੍ਹਾਂ ਦੂਜੀਆਂ ਇਸਤਰੀਆਂ ਨਾਲ ਸੰਬੰਧ ਬਣਾਉਣ ਤੋਂ ਵਰਜਿਆ ਗਿਆ ਹੈ:

(ੳ) ਪਰ ਧਨ ਪਰ ਨਾਰੀ ਰਤੁ ਨਿੰਦਾ ਬਿਖੁ ਖਾਈ ਦੁਖੁ ਪਾਇਆ॥ (ਅੰਗ 1255)

(ਅ)ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ॥
ਦੁਸਟ ਭਾਉ ਤਜਿ ਨਿੰਦ ਪਰਾਈ ਕਾਮੁ ਕ੍ਰੋਧੁ ਚੰਡਾਰ॥ (ਅੰਗ 1255-1256)

" ਨਰ ਤੇ ਨਾਰੀ ਸ੍ਰਿਸ਼ਟੀ ਨਿਰਮਾਣ ਦੇ ਦੋ ਮਹੱਤਵਪੂਰਨ ਅੰਗ ਹਨ। ਉਹਨਾਂ ਵਿੱਚ ਨਾ ਕੋਈ ਉਤਕਿਸ਼ਟ ਹੈ ਤੇ ਨਾ ਹੀ ਨਿਕਿਸ਼ਟ। ਦੋਨੋਂ ਹੀ ਇੱਕ ਦੂਜੇ ਦੇ ਪੂਰਕ ਹਨ। ਇੱਕ ਤੋਂ ਬਿਨਾਂ ਦੂਜਾ ਅਧੂਰਾ ਹੈ। ਸਮਾਜ ਸੰਚਾਲਨ ਵਿੱਚ ਦੋਹਾਂ ਦਾ ਹੀ ਬੜਾ ਮਹੱਤਵਪੂਰਨ ਰੋਲ ਹੈ। ' ਅਰਧ ਨਾਰੀਸ਼ਵਰ ' ਦੀ ਪਰਿਕਲਪਨਾ ਨਾਰੀ ਤੇ ਪੁਰਸ਼ ਦੇ ਸਮਾਨਾਧਿਕਾਰ ਦੀ ਪੁਸ਼ਟੀ ਕਰਦੀ ਹੈ।"[5] ਨਾਨਕ ਬਾਣੀ ਉਕਤ ਮੈਟਾਫਰ ਰਾਹੀਂ ਪ੍ਰਭੂ-ਪਤੀ ਨਾਲ ਮਿਲਾਪ ਤੋਂ ਬਾਅਦ ਦੀ ਅਨੰਦਮਈ ਅਵਸਥਾ ਦਾ ਵੀ ਬਾਖੂਬੀ ਵਰਣਨ ਕਰਦੀ ਹੈ:

ਮੇਰੀ ਇਛ ਪੁਨੀ ਜੀਉ ਹਮ ਘਰਿ ਸਾਜਨੁ ਆਇਆ॥
ਮਿਲਿ ਵਰੁ ਨਾਰੀ ਮੰਗਲੁ ਗਾਇਆ॥
ਗੁਣ ਗਾਇ ਮੰਗਲੁ ਪ੍ਰੇਮਿ ਰਹਸੀ ਮੁੰਧ ਮਨਿ ਓਮਾਹਓ॥ (ਅੰਗ 242)

ਇਸੇ ਤਰ੍ਹਾਂ ਦੋਹਾਗਣ ਦੇ ਰੂਪਕ ਰਾਹੀਂ ਜੋ ਪ੍ਰਭੂ-ਪਤੀ ਤੋਂ ਵਿਛੜੇ ਹੋਏ ਹਨ;ਉਨ੍ਹਾਂ ਦੀ ਤਰਸਯੋਗ ਹਾਲਤ ਦਾ ਬਿੰਬ ਸਿਰਜਿਆ ਗਿਆ ਹੈ:

ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ॥
ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ॥
.........................
ਮੁੰਧੇ ਪਿਰ ਬਿਨੁ ਕਿਆ ਸੀਗਾਰੁ॥
ਦਰਿ ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ॥ (ਅੰਗ 18-19)

ਪਤੀ ਪਤਨੀ ਦੇ ਰਿਸ਼ਤੇ ਵਿਚਲੇ ਸੱਚੇ ਪ੍ਰੇਮ ਦੇ ਪ੍ਰਤੀਕ ਰਾਹੀਂ ਪਰਮਾਤਮਾ ਨੂੰ ਪਾਉਣ ਲਈ ਪ੍ਰੇਮ ਦੇ ਰਸਤੇ ਨੂੰ ਸਵੀਕਾਰ ਕੀਤਾ ਗਿਆ ਹੈ। " ਗੁਰੂ ਨਾਨਕ ਨੇ ਆਪਣੀ ਬਾਣੀ ਵਿੱਚ ਆਪਣੇ ਆਪ ਨੂੰ ਪਤਨੀ ਮੰਨ ਕੇ ਪਤੀ ਰੂਪੀ ਪਰਮਾਤਮਾ ਪ੍ਰਤਿ ਆਪਣੇ ਅਲੌਕਿਕ ਪ੍ਰੇਮ ਦੀ ਬਿਰਹਾ ਅਨੁਭੂਤੀ ਨੂੰ ਬੜੀ ਤੀਬਰ ਅਤੇ ਭਾਵਨਾਭਰੀ ਸ਼ੈਲੀ ਵਿੱਚ ਚਿਤ੍ਰਿਤ ਕੀਤਾ ਹੈ। ਪਰ ਉਨ੍ਹਾਂ ਦੀ ਬਾਣੀ ਵਿੱਚ ਸੂਫ਼ੀ ਸਾਧਕਾਂ ਦੀ ਬਿਰਹਾ ਅਨੁਭੂਤੀ ਦੇ ਮੁਕਾਬਲੇ ਭਾਰਤੀ ਬਿਰਹਾ ਅਨੁਭੂਤੀ ਦੇ ਦਰਸ਼ਨ ਹੁੰਦੇ ਹਨ , ਕਿਉਂਕਿ ਉਨ੍ਹਾਂ ਦਾ ਪਰਮਾਤਮਾ ਨਾਲ ਸੰਬੰਧ ਅਵੈਧ ਨਹੀਂ , ਵੈਧ ਹੈ , ਅਰਥਾਤ ਪਤੀ ਪਤਨੀ ਵਾਲਾ ਸੰਬੰਧ ਹੈ , ਕੁਆਰਾ ਸੰਬੰਧ ਨਹੀਂ।"[6] ਪਤੀ ਪਤਨੀ ਦਾ ਇਹ ਸੰਬੰਧ ਬਿਨਾਂ ਕਿਸੇ ਸਵਾਰਥ ਤੋਂ ਹੋਵੇ।ਕਿਸੇ ਕਿਸਮ ਦੀ ਚੁਸਤ-ਚਲਾਕੀ ਨਾ ਹੋਵੇ।ਫੇਰ ਹੀ ਪਤਨੀ ਆਪਣੇ ਪਤੀ ਨੂੰ ਪਾ ਸਕਦੀ ਹੈ।ਇਸੇ ਤਰੀਕੇ ਨਾਲ ਸਾਧਕ ਆਪਣੇ ਪ੍ਰਭੂ-ਪਤੀ ਨੂੰ ਪਾ ਸਕਦਾ ਹੈ;ਬਸ਼ਰਤੇ ਇਹ ਪਿਆਰ ਦਿਲੋਂ ਹੋਵੇ:

ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ॥ (ਅੰਗ 725)

ਪਰ ਜਿਸਦਾ ਮਨ ਖੋਟਾ ਹੈ,ਜੋ ਚੁਸਤੀ ਚਲਾਕੀ ਨਾਲ ਪਤੀ ਨੂੰ ਪਾਉਣਾ ਚਾਹੁੰਦੀ ਹੈ,ਉਹ ਝੂਠ ਤੇ ਵਿਕਾਰਾਂ ਵਿੱਚ ਹੀ ਸੜਦੀ ਰਹਿੰਦੀ ਹੈ।ਉਸਨੂੰ ਪੇਕੇ ਤੇ ਸਹੁਰੇ ਕਿਸੇ ਵੀ ਘਰ ਮਾਣ ਨਹੀਂ ਮਿਲਦਾ:

ਕਾਮਣਿ ਕਾਮਿ ਨ ਆਵਈ ਖੋਟੀ ਅਵਗਣਿਆਰਿ॥
ਨਾ ਸੁਖੁ ਪੇਈਐ ਸਾਹਰੈ ਝੂਠਿ ਜਲੀ ਵੇਕਾਰਿ॥(ਅੰਗ 56)

ਸੋ ਨਾਨਕ ਬਾਣੀ ਵਿਚਲਾ ਪਤੀ ਪਤਨੀ ਦਾ ਮੈਟਾਫਰ ਪਰਮਾਤਮਾ ਤੱਕ ਪਹੁੰਚਣ ਦੇ ਰਸਤੇ ਦਾ ਬਹੁਤ ਹੀ ਸਰਲ ਬਿਆਨ ਹੈ।ਰੱਬ ਨੂੰ ਕਿਵੇਂ ਪਾਉਣਾ ਆਪਣੇ ਪਤੀ ਨੂੰ ਪ੍ਰੇਮ ਕਰਨ ਵਾਲੀ ਕੁੜੀ ਰਾਹੀਂ ਬਾਖ਼ੂਬੀ ਬਿਆਨਿਆ ਗਿਆ ਹੈ। ਸਿਰਫ਼ ਐਨਾ ਹੀ ਨਹੀਂ ਪਰਮਾਤਮਾ ਤੋਂ ਦੂਰ ਹੋਣ ਵਾਲਿਆਂ ਦੀ ਸਥਿਤੀ ਦੁਹਾਗਣ ਇਸਤਰੀ ਦੇ ਰੂਪ ਵਿੱਚ ਕਲਾਮਈ ਤਰੀਕੇ ਨਾਲ ਪੇਸ਼ ਹੋਈ ਹੈ।

## ਹਵਾਲੇ ਤੇ ਟਿੱਪਣੀਆਂ

1. ਗੁਰਸ਼ਰਨ ਕੌਰ ਜੱਗੀ , ਗੁਰੂ ਨਾਨਕ ਬਾਣੀ : ਪ੍ਰੇਮ ਭਗਤੀ ਦਾ ਸਰੂਪ , ਆਰਸੀ ਪਬਲਿਸ਼ਰਜ਼, ਦਿੱਲੀ, 2010 , ਪੰਨਾ 210.
2. ਚਰਨਜੀਤ ਕੌਰ, " ਨਾਨਕ ਬਾਣੀ: ਨਾਰੀਵਾਦ ਅਧਿਐਨ ", ਨਵਰੰਗ ਸਾਹਿਤਕ ਖੋਜ ਪੱਤ੍ਰਿਕਾ, ਅਕਤੂਬਰ- ਦਸੰਬਰ, 2015, ਪੰਨਾ 17.
3. ਗੁਰਸ਼ਰਨ ਕੌਰ ਜੱਗੀ , ਓਹੀ ਰਚਨਾ , ਪੰਨਾ 194 .
4. ਓਹੀ , ਪੰਨਾ 195 .
5. ਮੀਨਾਕਸ਼ੀ ਰਾਠੌਰ, " ਗੁਰੂ ਨਾਨਕ ਬਾਣੀ: ਨਾਰੀ ਚਿੰਤਨ " , ਗੁਰੂ ਨਾਨਕ ਦੇਵ ਜੀ ਦੀ ਪੰਜਾਬੀਅਤ ਨੂੰ ਦੇਣ , ਜਗੀਰ ਸਿੰਘ ਢੇਸਾ ਤੇ ਮਨਦੀਪ ਸਿੰਘ (ਸੰਪਾ.), ਦੋਹਰਾ ਪਬਲੀਕੇਸ਼ਨਜ਼ , ਪਟਿਆਲਾ, 2011.
6. ਰਤਨ ਸਿੰਘ ਜੱਗੀ , ਗੁਰੂ ਨਾਨਕ : ਵਿਅਕਤਿਤਵ, ਕਰਿਤਤਵ ਔਰ ਚਿੰਤਨ, ਭਾਸ਼ਾ ਵਿਭਾਗ ਪੰਜਾਬ , ਪਟਿਆਲਾ , 1975 , ਪੰਨਾ 578 .